***ਇੰਸਟੀਚਿਊਟ, ਔਫ ਹੋਟਲ ਮੈਨੇਜਮੈਂਟ ਕੇਟਰਿੰਗ ਐਂਡ ਨਿਊਟਰਿਸ਼ਨ,***
***ਜੀ. ਟੀ. ਰੋਡ, ਬਰਿਆਰ, ਗੁਰਦਾਸਪੁਰ (ਪੰਜਾਬ)-143521***
**Phone No. 01874-222501, 502 Fax-01874-222505**
***(Sponsored by Govt. of India, Ministry of Tourism)***

# "ਹੁਨਰ ਸੇ ਰੋਜ਼ਗਾਰ"

## ਹੌਸਪੀਟੈਲੀਟੀ ਟਰੇਨਿੰਗ ਪ੍ਰੋਗਰਾਮ

ਯਾਤਰਾ ਮੰਤਰਾਲੇ, ਭਾਰਤ ਸਰਕਾਰ ਵੱਲੋਂ ਹੇਠ ਲਿਖੇ "ਜੌਬ ਉਰੀਐਂਟਡ ਕੋਰਸ" ***ਇੰਸਟੀਚਿਊਟ, ਔਫ ਹੋਟਲ ਮੈਨੇਜਮੈਂਟ ਕੇਟਰਿੰਗ ਐਂਡ ਨਿਊਟਰਿਸ਼ਨ, ਗੁਰਦਾਸਪੁਰ*** ਵੱਲੋਂ ਸ਼ੁਰੂ ਕੀਤੇ ਜਾ ਰਹੇ ਹਨ। ਇਹ ਕੋਰਸ 25 ਤੋ 30 ਵਿਦਿਆਰਥੀਆਂ ਦੇ ਬੈਚ ਨਾਲ ਸ਼ੁਰੂ ਕੀਤਾ ਜਾਵੇਗਾ। **ਇਨ੍ਹਾਂ ਕੋਰਸਾਂ ਦੇ ਲਈ ਘੱਟੋ-ਘੱਟ ਯੋਗਤਾ ਅਤੇ ਉਮਰ ਹੇਠਾਂ ਦਰਸਾਈ ਗਈ ਹੈ।**

| ਕੋਰਸ ਦਾ ਨਾਮ | ਸਮਾਂ | ਯੋਗਤਾ | ਉਮਰ |
|---|---|---|---|
| 1. ਫੂਡ ਪ੍ਰੋਡਕਸ਼ਨ (ਕੁੱਕ) | 8 ਹਫ਼ਤੇ | **ਅੱਠਵੀਂ ਪਾਸ** | **18 ਸਾਲ ਤੋਂ 28 ਸਾਲ** |
| 2. ਫੂਡ ਐਂਡ ਬੇਵਰੈਜ ਸਰਵਿਸ (ਵੇਟ੍ਰਰ) | 6 ਹਫ਼ਤ | | |
| 3. ਬੇਕਰੀ ਅਤੇ ਕਨਫੈਕਸ਼ਨਰੀ | 8 ਹਫ਼ਤ | | |
| 4. ਹਾਊਸ ਕੀਪਿੰਗ ਯੂਟਿਲਟੀ | 6 ਹਫ਼ਤੇ | | |

ਇਨ੍ਹਾਂ ਕੋਰਸਾਂ ਲਈ ਕੋਈ ਕੋਰਸ ਫੀਸ ਨਹੀਂ ਹੈਂ 90% ਹਾਜ਼ਰੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਭਾਰਤ ਸਰਕਾਰ ਵੱਲੋਂ 8 ਹਫ਼ਤੇ ਦੇ ਕੋਰਸ ਲਈ 2000/- ਰੁਪਏ ਅਤੇ 6 ਹਫ਼ਤੇ ਦੇ ਕੋਰਸ ਲਈ 1500/- ਰੁਪਏ ਬਤੌਰ ਵਜ਼ੀਫਾ ਦਿੱਤਾ ਜਾਵੇਗਾ। ਕੋਰਸ ਪੂਰਾ ਹੋਣ ਤੋਂ ਬਾਅਦ ਨੈਸ਼ਨਲ ਕੌਂਸਿਲ ਫਾਰ ਹੋਟਲ ਮੈਨੇਜਮੈਂਟ ਅਤੇ ਕੈਟਰਿੰਗ ਤਕਨਾਲੋਜੀ, ਨੋਇਡਾ ਵੱਲੋਂ ਟੈਸਟ ਲਿਆ ਜਾਵੇਗਾ ਅਤੇ ਇਸ ਟੈਸਟ ਨੂੰ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਇਸ ਸੰਸਥਾ ਵੱਲੋਂ ਸਰਟੀਫਿਕੇਟ ਦਿੱਤੇ ਜਾਣਗੇ। ਇੰਸਟੀਚਿਊਟ, ਔਫ ਹੋਟਲ ਮੈਨੇਜਮੈਂਟ ਕੇਟਰਿੰਗ ਐਂਡ ਨਿਊਟਰਿਸ਼ਨ, ਗੁਰਦਾਸਪੁਰ ਇਨ੍ਹਾਂ ਵਿਦਿਆਰਥੀਆਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਹਰ ਸੰਭਵ ਯਤਨ ਕਰੇਗਾ ਅਤੇ ਹੋਟਲਾਂ, ਰੈਸਟੋਰੇਟਾਂ ਤੇ ਸਰਵਿਸ ਸੈਕਟਰ ਦੀਆਂ ਕੰਪਨੀਆਂ ਵੱਲੋਂ ਕੈਂਪਸ ਇੰਟਰਵਿਊ ਮੁਹੱਈਆ ਕਰਵਾਏਗਾ। **ਇਨ੍ਹਾਂ ਕੋਰਸਾਂ ਲਈ ਸੰਸਥਾ ਵੱਲੋਂ ਟੂਲ, ਕਿਟ, ਵਰਦੀ ਅਤੇ ਦੁਪਹਿਰ ਦਾ ਖਾਣਾ ਵੀ ਮੁਫ਼ਤ ਮੁਹੱਈਆ ਕਰਵਾਇਆ ਜਾਵੇਗਾ।**

**ਕੋਰਸ ਵਿਚ ਐਡਮਿਸ਼ਨ ਪਹਿਲਾ-ਆਓ-ਪਹਿਲਾ-ਪਾਓ ਦੇ ਆਧਾਰ 'ਤੇ ਹੋਵੇਗੀ, ਇਛੁੱਕ ਬਿਨੈਕਾਰ ਬਿਨੈ-ਪੱਤਰ ਇੰਸਟੀਚਿਊਟ ਦੇ ਪਤੇ 'ਤੇ ਭੇਜਸਕਦੇ ਹਨ।** ਬਿਨੈ-ਪੱਤਰ ਦੇ ਨਾਲ ਅੱਠਵੀਂ ਪਾਸ ਦਾ ਪ੍ਰਮਾਣ ਪੱਤਰ, ਦੋ ਪਾਸਪੋਰਟ ਸਾਈਜ਼ ਫੋਟੋ ਅਤੇ ਉਮਰ ਦਾ ਪ੍ਰਮਾਣ ਪੱਤਰ ਲਗਾਉਣਾ ਜ਼ਰੂਰੀ ਹੈ। ਬਿਨੈ-ਪੱਤਰ ਇੰਸਟੀਚਿਊਟ ਦੀ ਵੈੱਬਸਾਈਟ **www.ihmgurdaspur.org** ਤੇ ਉਪਲਬਧ ਹੈ।

**ਸਹੀ/-**
**ਪ੍ਰਿੰਸੀਪਲ**